# ਓਲਡਰ ਮਾਇਨੌਰਿਟੀ ਐਥਨਿੱਕ ਲੋਕਾਂ ਲਈ ਹਾਊਸਿੰਗ ਅਤੇ ਸੰਬੰਧਤ ਸੇਵਾਵਾਂ ਲਈ ਔਡਿਟ ਟੂਲ

HOP DEV
Housing and Older People Development Group

## ਘਰ ਵਿੱਚ

### ਕਾਲੇ ਅਤੇ ਅਲਪਸੰਖਿਅਕ ਜਾਤ-ਸੰਬੰਧੀ ਸਮੂਹਾਂ ਦੇ ਲੋਕ ਆਪਣੀ ਰਿਹਾਇਸ਼ ਬਾਰੇ ਆਪਣੇ ਵਿਚਾਰ ਕਿਵੇਂ ਸਾਂਝਾ ਕਰ ਸਕਦੇ ਹਨ

- ਕੀ ਤੁਸੀਂ ਇੱਕ ਕਾਲੇ ਅਤੇ ਅਲਪਸੰਖਿਅਕ ਜਾਤ-ਸੰਬੰਧੀ ਸਮੂਹ ਦੇ ਇੱਕ ਬਜ਼ੁਰਗ ਵਿਅਕਤੀ ਹੋ ?
- ਤੁਹਾਡਾ ਘਰ ਕਿੰਝ ਦਾ ਹੈ ?
- ਕੀ ਤੁਹਾਨੂੰ ਆਪਣੇ ਰਹਿਣ ਦੀ ਥਾਂ ਪਸੰਦ ਹੈ ?
- ਕੀ ਤੁਹਾਡੇ ਘਰ ਜਾਂ ਤੁਹਾਡੇ ਰਹਿਣ ਦੀ ਥਾਂ ਬਾਰੇ ਕੋਈ ਚੀਜ਼ਾਂ ਹਨ ਜੋ ਤੁਸੀਂ ਬਦਲਣਾ ਚਾਹੋਗੇ ?
- ਕੀ ਤੁਹਾਨੂੰ ਆਪਣੇ ਮੌਜੂਦਾ ਘਰ ਵਿੱਚ ਰਹਿਣ 'ਚ ਆਪਣੀ ਮਦਦ ਲਈ ਕਿਸੇ ਸਹਾਇਤਾ ਦੀ ਲੋੜ ਹੈ ਪਰ ਇਹ ਨਹੀਂ ਜਾਣਦੇ ਕਿ ਕਿਹੜੀ ?
- ਕੀ ਤੁਸੀਂ ਥਾਂ ਬਦਲਣਾ ਚਾਹੋਗੇ ਪਰ ਨਹੀਂ ਜਾਣਦੇ ਕਿ ਕਿਹੜੇ ਵਿਕਲਪ ਉਪਲਬਧ ਹਨ ?
- ਕੀ ਤੁਹਾਨੂੰ ਆਪਣੀ ਭਾਸ਼ਾ, ਸਭਿਅਤਾ ਜਾਂ ਜਾਤ-ਸੰਬੰਧੀ ਮੂਲ ਦੇ ਕਾਰਣ ਕੋਈ ਖਾਸ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ?

ਇਨ੍ਹਾਂ ਸਵਾਲਾਂ ਦੇ ਜਵਾਬ ਸਥਾਨਕ ਸੰਸਥਾਵਾਂ ਨੂੰ ਇਹ ਯਕੀਨੀ ਕਰਨ ਵਿੱਚ ਸਹਾਇਕ ਹੋ ਸਕਦੇ ਹਨ ਕਿ ਉਹ ਤੁਹਾਡੀਆਂ ਜ਼ਰੂਰਤਾਂ ਦੇ ਮੁਤਾਬਕ ਰਿਹਾਇਸ਼ੀ ਅਤੇ ਸਹਾਇਤਾ ਸੇਵਾਵਾਂ ਮੁਹੱਈਆ ਕਰਨ।

ਇਸਨੂੰ ਚੰਗੀ ਤਰ੍ਹਾਂ ਕਰਨ ਲਈ, ਉਨ੍ਹਾਂਨੂੰ ਬਜ਼ੁਰਗ ਲੋਕਾਂ, ਅਤੇ ਸਥਾਨਕ ਖੇਤਰਾਂ ਵਿੱਚ ਬਜ਼ੁਰਗ ਲੋਕਾਂ ਦਾ ਪ੍ਰਤੀਨਿਧਿੱਤਵ ਕਰਨ ਵਾਲੇ ਸਮੂਹਾਂ ਨਾਲ ਗੱਲ੍ਹ ਕਰਨ ਦੀ ਲੋੜ ਹੈ। ਇਸਦਾ ਮਤਲਬ ਤੁਹਾਡੇ ਨਾਲ ਗੱਲ੍ਹ ਕਰਨਾ - ਅਤੇ ਇਹੋ ਜਿਹੇ ਸਵਾਲ ਪੁੱਛਣਾ ਹੈ ਜਿਵੇਂ ਉੱਪਰ ਦਿੱਤੇ ਗਏ ਹਨ।

ਤੁਹਾਡੀ ਅਤੇ ਸਥਾਨਕ ਤੌਰ 'ਤੇ ਸੇਵਾਵਾਂ ਮੁਹੱਈਆ ਕਰਨ ਵਾਲੀਆਂ ਸੰਸਥਾਵਾਂ ਦੀ ਸਹਾਇਤਾ ਲਈ, ਹਾਉਸਿੰਗ ਐਂਡ ਓਲਡਰ ਪੀਪਲ ਡਿਵੇਲਪਮੈਂਟ ਗ੍ਰੁੱਪ (ਏਚ.ਓ.ਪੀ.ਡੀ.ਈ.ਵੀ.) ਨੇ ਸੈਲਫ਼ੋਰਡ ਯੁਨੀਵਰਸਿਟੀ ਨਾਲ - ਘਰ ਵਿੱਚ ਨਾਂ ਦਾ - ਇੱਕ 'ਔਡਿਟ ਟੂਲ' ਤਿਆਰ ਕਰਨ ਲਈ ਕੰਮ ਕਰ ਰਿਹਾ ਹੈ।

ਘਰ ਵਿੱਚ ਦੇ ਕਈ ਵੱਖੋ-ਵੱਖ ਭਾਗ ਹਨ। ਪਹਿਲਾ ਸਿਰਫ਼ ਰਿਹਾਇਸ਼ ਅਤੇ ਰਿਹਾਇਸ਼ੀ ਸਹਾਇਤਾ ਸੇਵਾਵਾਂ ਬਾਰੇ ਤੁਹਾਡੇ ਵਿਚਾਰਾਂ ਅਤੇ ਤਜ਼ੁਰਬੇ ਆਂ, ਅਤੇ ਇਹ ਲੱਭਣ ਬਾਰੇ ਹੈ ਕਿ ਤੁਸੀਂ ਕੀ ਬਦਲਣਾ ਚਾਹੋਗੇ। ਦੂਜੇ ਭਾਗ ਇਹੋ ਜਿਹੇ ਮੁੱਦੇਆਂ ਜਿਵੇਂ ਮੌਜੂਦਾ ਸਮੇਂ ਵਿੱਚ ਸਥਾਨਕ ਤੌਰ 'ਤੇ ਕਿਹੜੀਆਂ ਸੇਵਾਵਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ, ਅਤੇ ਜਾਣਕਾਰੀ ਅਤੇ ਸੇਵਾਵਾਂ ਤਕ ਪਹੁੰਚ 'ਤੇ ਕੇਂਦ੍ਰਿਤ ਹਨ।

ਇਨ੍ਹਾਂ 'ਚੋਂ ਕੁਝ ਜਾਂ ਸਭ ਭਾਗ ਪੂਰੇ ਕਰਨ ਵਾਲੀਆਂ ਸੰਸਥਾਵਾਂ ਫ਼ਿਰ ਬਦਲਾਵ ਲਈ ਇੱਕ ਕਿਰਿਆਤਮਕ ਯੋਜਨਾ ਤਿਆਰ ਕਰਨਗੀਆਂ। ਜੇਕਰ ਤੁਸੀਂ ਇਨ੍ਹਾਂ 'ਚੋਂ ਕਿਸੇ ਸਵਾਲਾਂ ਦੇ ਜਵਾਬ ਦੇਣ ਵਿੱਚ ਸ਼ਾਮਲ ਰਹੇ ਹੋ, ਤਾਂ ਤੁਸੀਂ ਅੱਗਲੇ ਪੱਧਰਾਂ ਵਿੱਚ ਸ਼ਾਮਲ ਹੋਣ ਲਈ ਵੀ ਕਹਿ ਸਕਦੇ ਹੋ।

ਜੇਕਰ ਤੁਸੀਂ ਔਡਿਟ ਟੂਲ ਵੇਖਣਾ ਚਾਹੁੰਦੇ ਹੋ, ਤਾਂ ਤੁਸੀਂ http://hopdev.housingcare.org ਵੇਬਸਾਇਟ ਤੋਂ ਇੱਕ ਅੰਗ੍ਰੇਜ਼ੀ ਸੰਸਕਰਣ ਡਾਉਨਲੋਡ ਕਰ ਸਕਦੇ ਹੋ। ਜੇਕਰ ਤੁਸੀਂ ਇਹ ਪਸੰਦ ਕਰਦੇ ਹੋ, ਅਤੇ ਤੁਸੀਂ ਪਹਿਲਾਂ ਤੋਂ ਹੀ ਰਿਹਾਇਸ਼ ਅਤੇ ਰਿਹਾਇਸ਼ੀ ਸਹਾਇਤਾ ਮੁਹੱਈਆ ਕਰਨ ਵਾਲੀ ਜਾਂ ਉਸਦੇ ਲਈ ਰਕਮ ਦੇਣ ਵਾਲੀ ਕਿਸੇ ਸਥਾਨਕ ਸੰਸਥਾ ਦੇ ਸੰਪਰਕ ਵਿੱਚ ਹੋ, ਤਾਂ ਤੁਸੀਂ ਉਨ੍ਹਾਂਨੂੰ ਘਰ ਵਿੱਚ ਪ੍ਰਯੋਗ ਕਰਨ ਬਾਰੇ ਪੁੱਛ ਸਕਦੇ ਹੋ।

ਅਸੀਂ ਉਮੀਦ ਕਰਦੇ ਹਾਂ ਕਿ ਘਰ ਵਿੱਚ ਦਾ ਪ੍ਰਯੋਗ ਕਰਨਾ ਤੁਹਾਡੇ ਲਈ ਸਹਾਇਕ ਹੋਵੇਗਾ, ਇੱਕ ਕਾਲੇ ਅਤੇ ਅਲਪਸੰਖਿਅਕ ਜਾਤ-ਸੰਬੰਧੀ ਸਮੂਹ ਦੇ ਇੱਕ ਬਜ਼ੁਰਗ ਵਿਅਕਤੀ ਦੇ ਤੌਰ 'ਤੇ, ਸਾਨੂੰ ਰਿਹਾਇਸ਼ ਅਤੇ ਰਿਹਾਇਸ਼ੀ ਸਹਾਇਤਾ ਬਾਰੇ ਆਪਣੀਆਂ ਜ਼ਰੂਰਤਾਂ ਅਤੇ ਇੱਛਾਵਾਂ ਬਾਰੇ ਦੱਸੋ, ਅਤੇ ਆਪਣੇ ਆਪ ਨੂੰ ਸਥਾਨਕ ਰਿਹਾਇਸ਼ ਅਤੇ ਸਹਾਇਤਾ ਸੇਵਾਵਾਂ ਦੇ ਪ੍ਰਾਪਤ ਹੋਣ ਦੇ ਤਰੀਕੇ ਵਿੱਚ ਬਦਲਾਵ ਲਿਆਓ।